8

# ਰੂਹਾਨੀ ਇਸਰਾਏਲ

*''ਪਰ ਤੁਸੀਂ ਚੁਣਿਆ ਹੋਇਆ ਵੰਸ, ਯਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ ਹੋ ਭਈ ਤੁਸੀਂ ਉਹ ਦਿਆਂ ਗੁਣਾਂ ਦਾ ਪ੍ਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿਚ ਸੱਦ ਲਿਆ। ਤੁਸੀਂ ਤਾਂ ਅੱਗੇ ਪਰਜਾ ਹੀ ਨਾ ਸਾਓ ਪਰ ਹੁਣ ਪਰਮੇਸ਼ੁਰ ਦੀ ਪਰਜਾ ਹੋ ਗਏ ਹੋ। ਤੁਸਾਂ ਉੱਤੇ ਰਹਿਮ ਨਾ ਹੋਇਆ ਸੀ ਪਰ ਹੁਣ ਰਹਿਮ ਹੋਇਆ ਹੈ'' (1 ਪਤਰਸ 2:9, 10)।*

ਬਹੁਤਾ ਟਾਈਮ ਨਹੀਂ ਹੋਇਆ, ਹਾਰਡਿੰਗ ਯੂਨੀਵਰਸਿਟੀ ਵਿਚ ਨਵੇਂ ਨੇਮ ਦੀ ਸਮੀਖਿਆ ਦੀਆਂ ਕਲਾਸਾਂ ਵਿਚ ''ਸਮਾਂ ਪੂਰਾ ਹੋਇਆ'' ਤੇ ਮੈਂ ਮਸੀਹ ਦੇ ਇਸ ਦੁਨੀਆਂ ਵਿਚ ਆਉਣ ਬਾਰੇ ਦੱਸਿਆ ਸੀ। ਇਕ ਦਮ ਇਕ ਵਿਦਿਆਰਥੀ ਦਾ ਹੱਥ ਖੜਾ ਹੋ ਗਿਆ ਅਤੇ ਉਹ ਜਵਾਨ ਬੜੀ ਉਤਸੁਕਤਾ ਨਾਲ ਪੁੱਛਣ ਲੱਗਾ, '' 'ਸਮਾਂ ਪੂਰਾ ਹੋਇਆ ਹੈ' ਦਾ ਕੀ ਅਰਥ ਹੈ?'' ਮੈਂ ਉਸਨੂੰ ਗਲਾਤੀਆਂ 4:4,5 ਖੋਲ੍ਹ ਕੇ ਮਸੀਹ ਦੇ ਜਨਮ ਬਾਰੇ ਪੌਲੁਸ ਦੇ ਸ਼ਬਦਾਂ ਨੂੰ ਪੜ੍ਹ ਕੇ ਦੱਸਿਆ: ''ਪਰ ਜਾਂ ਸਮਾਂ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਘੱਲਿਆ ਜਿਹੜਾ ਤੀਵੀਂ ਤੋਂ ਜੰਮਿਆ ਅਤੇ ਸ਼ਰ੍ਹਾ ਦੇ ਮਤਹਿਤ ਜੰਮਿਆ। ਇਸ ਲਈ ਜੋ ਮੁੱਲ ਦੇ ਕੇ ਉਨ੍ਹਾਂ ਨੂੰ ਜਿਹੜੇ ਸ਼ਰ੍ਹਾ ਦੇ ਮਤਹਿਤ ਹਨ ਛੁਡਾਵੇ ਭਈ ਲੇਪਾਲਕ ਪੁੱਤਰ ਹੋਣ ਦੀ ਪਦਵੀ ਸਾਨੂੰ ਪ੍ਰਾਪਤ ਹੋਵੇ।''

ਮੈਂ ਸਮਝਾਇਆ ਕਿ ''ਸਮਾਂ ਪੂਰਾ ਹੋਣਾ'' ਉਹ ਸਮਾਂ ਸੀ। ਤਦ ਖ਼ੁਦਾ ਨੇ ਆਪਣੀ ਅਨੰਤ ਬੁੱਧ ਅਤੇ ਪੂਰਣ ਵਿਚਾਰ ਨਾਲ ਸਾਡੇ ਮੁਕਤੀ ਦਾਤੇ ਦੇ ਰੂਪ ਵਿਚ ਮਸੀਹ ਦੇ ਇਸ ਸੰਸਾਰ ਵਿਚ ਆਉਣ ਦਾ ਠੀਕ ਸਮਾਂ ਠਹਿਰਾਇਆ ਸੀ। ਇਸ ਨੂੰ ਦੂਜੀ ਤਰ੍ਹਾਂ ਕਹੀਏ ਤਾਂ ਸਾਡੇ ਮੁਕਤੀਦਾਤੇ ਦੇ ਜਨਮ ਤੋਂ ਪਹਿਲਾਂ ਖ਼ੁਦਾ ਵੱਲੋਂ ਇਕ ਯੋਜਨਾ ਤਿਆਰ ਕੀਤੀ ਗਈ ਸੀ। ਉਸਦਾ ਆਉਣਾ ਸਾਡੇ ਸੁਰਗੀ ਪਿਤਾ ਦੇ ਮਨ ਵਿਚ ਅਚਨਚੇਤ ਆਉਣ ਵਾਲੀ ਗੱਲ ਨਹੀਂ ਸੀ, ਜਿਸਨੂੰ ਬਗ਼ੈਰ ਸੋਚਿਆਂ-ਸਮਝਿਆਂ ਪੂਰਾ ਕਰ ਦਿੱਤਾ ਗਿਆ, ਸਗੋਂ ਉਸਦੇ ਆਉਣ ਦੀ ਗੱਲ ਦਾ ਖ਼ਾਕਾ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਖ਼ੁਦਾ ਦੇ ਦਿਮਾਗ਼ ਵਿਚ ਸੀ। ਉਸਦੇ ਲਈ ਪੂਰੀਆਂ ਘਟਨਾਵਾਂ ਘਟਣ ਅਤੇ ਸੰਸਾਰ ਵਿਚ ਇਸ ਖ਼ੁਦਾਈ ਦਖ਼ਲ ਦੇ ਲਈ ਤਿਆਰ ਹੋ ਜਾਣ ਤੇ ਯਿਸੂ ਦਾ ਜਨਮ ਹੋਇਆ। ਪੌਲੁਸ ਵੱਲੋਂ ਇਤਿਹਾਸ ਦੇ ਇਸ ਘਟਨਾ ਚੱਕਰ ਨੂੰ ''ਸਮਾਂ ਪੂਰਾ ਹੋਣਾ'' ਕਹਿਣਾ ਠੀਕ ਹੀ ਹੈ।

ਪੁਰਾਣੇ ਨੇਮ ਦਾ ਪੂਰਾ ਕਾਲ ਅਰਥਾਤ ਬਜ਼ੁਰਗਾਂ ਅਤੇ ਮੂਸਾ ਦੇ ਜ਼ਮਾਨਿਆਂ ਦਾ ਸਮਾਂ ਮਸੀਹ ਦੇ ਆਉਣ ਵਾਲੀ ਤਿਆਰੀ ਦਾ ਸਮਾਂ ਸੀ। ਬਜ਼ੁਰਗਾਂ ਦੇ ਯੁੱਗ ਵਿਚ, ਖ਼ੁਦਾ ਨੇ ਅਬਰਾਹਾਮ ਤੇ ਯਾਕੂਬ ਨੂੰ ਆਪਣੇ ਸੇਵਕ ਹੋਣਾ ਚੁਣਿਆ ਜਿਨ੍ਹਾਂ ਰਾਹੀਂ ਉਸਨੇ ਇਕ ਕੌਮ ਦੀ ਰਚਨਾ ਕਰਨੀ ਸੀ, ਜਿਸਨੂੰ ਉਸਨੇ ਆਪਣੇ ਨਾਂਅ ਨਾਲ ਪੁਕਾਰਨਾ ਸੀ। ਉਸ ਨੇ ਉਸ ਕੌਮ ਦਾ ਨਾਂਅ ''ਇਸਰਾਏਲ'' ਰੱਖਿਆ, ਇਹ ਉਹ ਨਾਂਅ ਸੀ ਜੋ ਉਸਨੇ ਯਾਕੂਬ ਨੂੰ ਦਿੱਤਾ ਸੀ। ਮੂਸਾ ਦੇ ਜ਼ਮਾਨੇ ਵਿਚ ਖ਼ੁਦਾ ਨੇ ਆਪਣੀ ਚੁਣੀ ਹੋਈ ਕੌਮ ਨੂੰ ਆਪਣੀ ਬਿਵਸਥਾ ਦਿੱਤੀ ਸੀ, ਜੋ ਉਸਨੇ ਸੀਨੈ ਪਹਾੜ ਤੇ ਮੂਸਾ ਰਾਹੀਂ ਜ਼ਾਹਿਰ ਕੀਤੀ ਸੀ। ਉਸਨੇ ਉਸਨੂੰ ਆਪਣੇ ਪਵਿੱਤਰ ਲੋਕਾਂ ਦੇ ਰੂਪ ਵਿਚ ਬੰਦਗੀ ਕਰਨਾ ਅਤੇ ਜ਼ਿੰਦਗੀ ਗੁਜ਼ਾਰਨਾ ਸਿਖਾਇਆ। ਫਿਰ ਵੀ

ਪੁਰਾਣੇ ਨੇਮ ਦੇ ਵੇਲੇ ਖ਼ੁਦਾ ਦੇ ਸਾਰੇ ਕੰਮ ਅਸਲ ਵਿਚ ''ਸਮਾਂ ਪੂਰਾ ਹੋਣ'' ਤੇ ਮਸੀਹ ਨੂੰ ਲਿਆਉਣ ਲਈ ਤਿਆਰੀ ਅਰਥਾਤ ਪੂਰਵ ਬਿਵਸਥਾ ਹੀ ਸੀ। ਕਿਸੇ ਨੇ ਆਖਿਆ ਹੈ, ''ਪੁਰਾਣੇ ਨੇਮ ਦੀ ਕਹਾਣੀ ਅਤੇ ਨਵੇਂ ਨੇਮ ਦੀ ਕਹਾਣੀ ਇਕ ਆਦਮੀ ਦੀ ਕਹਾਣੀ ਹੈ।''

ਕਿਉਂਕਿ ਪੁਰਾਣੇ ਨੇਮ ਦੀ ਕਹਾਣੀ ਇਸਰਾਏਲ ਕੌਮ ਦੀ ਕਹਾਣੀ ਹੈ ਅਤੇ ਇਸ ਕੌਮ ਦੀ ਰਚਨਾ ਸੰਸਾਰ ਵਿਚ ਮਸੀਹ ਨੂੰ ਲਿਆਉਣ ਲਈ ਖ਼ੁਦਾ ਦਾ ਤਿਆਰੀ ਦਾ ਕੰਮ ਸੀ। ਇਸ ਲਈ ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਪੌਲੁਸ ਨੇ ਪ੍ਰਭੂ ਦੀ ਕਲੀਸੀਆ ਨੂੰ ਖ਼ੁਦਾ ਦਾ ਇਸਰਾਏਲ ਆਖਿਆ ਸੀ, ''ਅਤੇ ਜਿੰਨੇ ਇਸ ਮਰਯਾਦਾ ਉੱਤੇ ਚੱਲਣ ਉਨ੍ਹਾਂ ਨੂੰ ਸ਼ਾਂਤੀ ਅਰ ਰਹਿਮ ਪ੍ਰਾਪਤ ਹੋਵੇ ਨਾਲੇ ਪਰਮੇਸ਼ੁਰ ਦੇ ਇਸਰਾਏਲ ਨੂੰ'' (ਗਲਾਤੀਆਂ 6:16)। ਨਾ ਹੀ ਸਾਨੂੰ ਹੈਰਾਨੀ ਹੁੰਦੀ ਹੈ ਕਿ ਪੌਲੁਸ ਨੇ ਪ੍ਰਾਚੀਨ ਇਸਰਾਏਲ ਨਾਲ ਖ਼ੁਦਾ ਦੀ ਵਾਚਾ ਦੇ ਸਬੰਧ ਤੋਂ ਸ਼ਬਦ ਲੈ ਕੇ ਕਲੀਸੀਆ ਨੂੰ ਸੰਕੇਤਕ ਰੂਪ ਵਿਚ ਵਿਖਾਇਆ ਹੈ: ''ਕਿਉਂ ਜੋ ਸੁੰਨਤੀ ਤਾਂ ਅਸੀਂ ਹਾਂ ਜਿਹੜੇ ਪਰਮੇਸ਼ੁਰ ਦੇ ਆਤਮਾ ਨਾਲ ਭਜਨ ਕਰਦੇ ਹਾਂ ਅਤੇ ਮਸੀਹ ਯਿਸੂ ਦੇ ਉੱਤੇ ਅਭਮਾਨ ਕਰਦੇ ਹਾਂ ਅਤੇ ਸਰੀਰ ਦਾ ਆਸਰਾ ਨਹੀਂ ਰੱਖਦੇ'' (ਫ਼ਿਲਿੱਪੀਆਂ 3:3)। ''ਇਸਰਾਏਲ'' ਦੇ ਰੂਪ ਵਿਚ ਕਲੀਸੀਆ ਦੀ ਇਹ ਤਸਵੀਰ ਸਾਡੇ ਲਈ ਬਹੁਤ ਹੀ ਮਹੱਤਤਾ ਵਾਲੀ ਹੋਣੀ ਚਾਹੀਦੀ ਹੈ, ਕਿਉਂਕਿ ਇਸ ਨਾਲ ਸਾਨੂੰ ਇਹ ਪਤਾ ਲੱਗਦਾ ਹੈ ਕਿ ਮਸੀਹੀ ਲੋਕ ਅੱਜ ਵੀ ਰੂਹਾਨੀ ਇਸਰਾਏਲ ਹਨ ਅਤੇ ਉਨ੍ਹਾਂ ਨੂੰ ਪ੍ਰਾਚੀਨ ਇਸਰਾਏਲ ਵਾਂਗ ਹੀ ਖ਼ੁਦਾ ਨੇ ਆਪਣੇ ਲੋਕਾਂ ਦੇ ਰੂਪ ਵਿਚ ਵੱਖਰਾ ਕੀਤਾ ਹੈ।

ਨਵੇਂ ਨੇਮ ਵਿਚ 1 ਪਤਰਸ 2:9, 10 ਦੀ ਤਸਦੀਕ ਸ਼ਾਇਦ ਸਭ ਤੋਂ ਸੰਖੇਪ ਹੈ ਕਿ ਕਲੀਸੀਆ ਨਵੇਂ ਨੇਮ ਦਾ ਇਸਰਾਏਲ ਹੈ। ਪਤਰਸ ਨੇ 1 ਪਤਰਸ 1:22 - 2:10 ਵਿਚ ਇਹ ਸਮਝਾਉਂਦੇ ਹੋਏ ਕਿ ਇਕ ਮਸੀਹੀ ਹੋਣ ਦਾ ਕੀ ਅਰਥ ਹੈ, ਮਸੀਹੀ ਆਦਮੀ ਦੇ ਬਦਲਾਅ (1:22-25), ਆਚਰਣ (2:2, 3) ਅਤੇ ਬੁਲਾਹਟ (2:4-10) ਦੀ ਗੱਲ ਕੀਤੀ ਹੈ। ਉਸਨੇ ਆਪਣੇ ਪਾਠਕਾਂ ਨੂੰ ਇਸ ਸਚਿਆਈ ਨਾਲ ਖ਼ੁਸ਼ ਹੋਣ ਦੇ ਲਈ ਆਖ ਕੇ ਕਿ ਮਸੀਹੀ ਲੋਕ ਖ਼ੁਦਾ ਦੇ ਚੁਣੇ ਹੋਏ ਯਾਨੀ ਉਸਦਾ ਅਸਲੀ ਇਸਰਾਏਲ ਹੈ, ਖ਼ਤਮ ਕੀਤਾ।

1 ਪਤਰਸ 2:9, 10 ਵਿਚ ਖ਼ੁਦਾ ਦੇ ਇਸਰਾਏਲ ਦੇ ਰੂਪ ਵਿਚ ਮਸੀਹੀ ਲੋਕਾਂ ਦੇ ਪਤਰਸ ਦੇ ਹਵਾਲੇ ਤੇ ਧਿਆਨ ਦਈਏ। ਇਹ ਤੁਲਨਾ ਖ਼ੁਦਾ ਦੇ ਨਾਲ ਸਾਡੇ ਵਿਸ਼ੇਸ਼ ਸਬੰਧ ਅਤੇ ਖ਼ੁਦਾ ਵੱਲੋਂ ਸਾਡੀ ਵਿਸ਼ੇਸ਼ ਬੁਲਾਹਟ ਦੀ ਪੁਸ਼ਟੀ ਕਰਦੀ ਹੈ, ਇਹ ਸਾਨੂੰ ਮਸੀਹ ਵਿਚ ਮਿਲਣ ਵਾਲੀਆਂ ਰੂਹਾਨੀ ਬਰਕਤਾਂ ਵਿਚ ਖ਼ੁਸ਼ੀ ਮਨਾਉਣ ਦਾ ਕਾਰਣ ਦਿੰਦੀ ਹੈ, ਇਨ੍ਹਾਂ ਆਇਤਾਂ ਤੋਂ ਸਮਝ ਆਵੇਗੀ ਕਿ ਅਸੀਂ ਰੂਹਾਨੀ ਇਸਰਾਏਲ ਹਾਂ।

## ਚੁਣਿਆ ਹੋਇਆ ਵੰਸ਼

ਆਤਮਿਕ ਇਸਰਾਏਲ ਦਾ ਬਿਆਨ ਕਰਦੇ ਹੋਏ, ਪਤਰਸ ਨੇ ਪਹਿਲਾਂ ਆਖਿਆ ਕਿ ਮਸੀਹੀ ਲੋਕ ''ਇਕ ਚੁਣਿਆ ਹੋਇਆ ਵੰਸ਼'' ਹਨ (1 ਪਤਰਸ 2:9)। ਉਨ੍ਹਾਂ ਨੂੰ ਚੁਣਿਆ ਗਿਆ ਹੈ, ਬਾਹਰ ਲਿਆਂਦਾ ਗਿਆ ਹੈ ਅਤੇ ਵੱਖ ਕੀਤਾ ਗਿਆ ਹੈ। ਉਨ੍ਹਾਂ ਧਰਤੀ ਦੇ ਸਭ ਲੋਕਾਂ ਵਿੱਚੋਂ ਖ਼ੁਦਾ ਵੱਲੋਂ ਬੁਲਾਇਆ ਗਿਆ ਹੈ।

ਖ਼ੁਦਾ ਨੇ ਸੀਨੈ ਪਹਾੜ ਤੇ ਮੂਸਾ ਦੇ ਰਾਹੀਂ ਇਸਰਾਏਲ ਨੂੰ ਦੱਸਿਆ ਸੀ, ''ਕਿਉਂ ਜੋ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਲਈ ਪਵਿੱਤਰ ਪਰਜਾ ਹੋ ਅਤੇ ਯਹੋਵਾਹ ਤੁਹਾਡੇ ਪਰਮੇਸ਼ੁਰ ਨੇ ਤੁਹਾਨੂੰ ਚੁਣ ਲਿਆ ਕਿ ਤੁਸੀਂ ਸਾਰੀ ਜ਼ਮੀਨ ਦੇ ਉੱਪਰ ਦੇ ਸਾਰੇ ਲੋਕਾਂ ਵਿੱਚੋਂ ਉਸ ਦੀ ਨਿੱਜ ਪਰਜਾ ਹੋ'' (ਬਿਵਸਥਾਸਾਰ 7:6)। ਫਿਰ ਉਸ ਨੇ ਇਸਰਾਏਲ ਨੂੰ ਆਖਿਆ, ''ਹੁਣ ਜੇ ਤੁਸੀਂ ਮੇਰੀ ਅਵਾਜ਼ ਦੇ

ਸਰੋਤੇ ਹੋਵੋਗੇ ਅਰ ਮੇਰੇ ਨੇਮ ਦੀ ਮਨੌਤ ਕਰੋਗੇ ਤਾਂ ਤੁਸੀਂ ਸਾਰੀਆਂ ਕੌਮਾਂ ਵਿੱਚੋਂ ਮੇਰੀ ਨਿਜੀ ਪਰਜਾ ਹੋਵੋਗੇ ਕਿਉਂ ਜੋ ਸਾਰੀ ਧਰਤੀ ਮੇਰੀ ਹੈ'' (ਕੂਚ 19:5)।

ਪਰ ਮਨੁੱਖੀ ਇਤਿਹਾਸ ਦੇ ਇਸ ਆਖ਼ਰੀ ਯੁੱਗ ਵਿਚ, ਸਰੀਰ ਦੇ ਅਨੁਸਾਰ ਇਸਰਾਏਲੀ ਨਹੀਂ ਸਗੋਂ ਮਸੀਹੀ ਲੋਕ ਖ਼ੁਦਾ ਦਾ ਚੁਣਿਆ ਹੋਇਆ ਵੰਸ਼ ਹਨ। ਪੁਰਾਣਾ ਇਸਰਾਏਲ ਨਵੇਂ ਇਸਰਾਏਲ ਭਾਵ ਕਲੀਸੀਆ ਦੀ ਬੁਨਿਆਦ ਬਣਿਆ ਅਤੇ ਪੂਰਾ ਹੋਇਆ। ਪੌਲੁਸ ਨੇ ਆਖਿਆ ਕਿ ਇਹ ਖ਼ੁਦਾ ਦੀ ਪਹਿਲਾਂ ਤੋਂ ਠਹਿਰਾਈ ਗਈ ਮੰਸ਼ਾ ਸੀ ਕਿ ਮਸੀਹ ਵਿਚ ਆਉਣ ਵਾਲੇ ਸਾਰੇ ਲੋਕ ਉਸਦਾ ਚੁਣਿਆ ਹੋਇਆ ਵੰਸ਼ ਬਣਨ:

> ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿਚ ਚੁਣ ਲਿਆ ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿਚ ਪਵਿੱਤਰ ਅਤੇ ਨਿਰਮਲ ਹੋਈਏ। ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤਰ ਹੋਣ ਨੂੰ ਅੱਗੋਂ ਹੀ ਠਹਿਰਾਇਆ ... ਹਾਂ, ਓਸੇ ਵਿਚ ਅਸੀਂ ਵੀ ਉਹ ਦੀ ਧਾਰਣਾ ਮੂਜਬ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ ਅੱਗੋਂ ਹੀ ਠਹਿਰਾਏ ਜਾ ਕੇ ਅਧਕਾਰ ਬਣ ਗਏ (ਅਫ਼ਸੀਆਂ 1:4, 5, 11)।

ਹੁਣ ਸਾਰਿਆਂ ਨੂੰ ਛੱਡੇ ਜਾਣ, ਤਿਆਗੇ ਜਾਣ ਜਾਂ ਨਜ਼ਰਅੰਦਾਜ਼ ਹੋਣ ਦਾ ਕੌੜਾ ਤਜੁਰਬਾ ਹੈ। ਅਸੀਂ ਅੰਤ ਤਕ ਪੂਰੀ ਤਰ੍ਹਾਂ ਨਾਲ ਛੱਡੇ ਜਾਣ ਜਾਂ ਬੇਇੱਜ਼ਤ ਹੋਣ ਨੂੰ ਵੇਖਦੇ ਰਹੇ ਜਦ ਕਿ ਦੂਸਰਿਆਂ ਨੂੰ ਠਹਿਰਾਇਆ ਜਾਂ ਨਿਯੁਕਤ ਕਰ ਲਿਆ ਗਿਆ। ਸਾਡੇ ਵਿੱਚੋਂ ਕਈਆਂ ਨੂੰ ਬਚਪਨ ਵਿਚ ਖੇਡਣ ਲਈ ਟੀਮਾਂ ਦੇ ਚੁਣੇ ਜਾਣ ਤੇ ਨਿਰਾਸ਼ਾ ਹੋਈ ਸੀ ਜਾਂ ਤਾਂ ਦੂਜਿਆਂ ਨੂੰ ਸਾਡੇ ਤੋਂ ਪਹਿਲਾਂ ਚੁਣ ਲਿਆ ਗਿਆ ਜਾਂ ਸਾਨੂੰ ਪੂਰੀ ਤਰ੍ਹਾਂ ਨਾਲ ਸਕੋਰ ਗਿਣਨ ਦੇ ਲਈ ਛੱਡ ਦਿੱਤਾ ਗਿਆ ਸੀ। ਦੂਜਿਆਂ ਦਾ ਨਾਂਅ ਪਹਿਲਾਂ ਅਤੇ ਬੜੀ ਇੱਜ਼ਤ ਨਾਲ ਸੂਚੀ ਵਿਚ ਆਉਣ ਤੇ ਸਾਡੇ ਵਿੱਚੋਂ ਕਈਆਂ ਨੂੰ ਭਿਆਨਕ ਹਾਲਾਤ ਵਿੱਚੋਂ ਦੀ ਗੁਜ਼ਰਨਾ ਪਿਆ ਹੈ। ਅਸੀਂ ਬੜੀ ਉਮੀਦ ਨਾਲ ਸੁਣਦੇ ਰਹੇ ਕਿ ਸ਼ਾਇਦ ਅੰਤ ਵਿਚ ਗ਼ਲਤੀ ਨਾਲ ਸਾਡਾ ਵੀ ਨਾਂਅ ਆ ਜਾਏ। ਇਸ ਤਰ੍ਹਾਂ ਦੀਆਂ ਘਟਨਾਵਾਂ ਸਾਨੂੰ ਨਿਰਾਸ਼ ਕਰਦੀਆਂ ਹਨ ਅਤੇ ਲੰਮੇ ਸਮੇਂ ਤਕ ਸਾਡੇ ਦਿਲ ਅਤੇ ਦਿਮਾਗ਼ ਵਿਚ ਰਹਿਕੇ ਸਾਡੀ ਆਪਣੀ ਤਸਵੀਰ ਨੂੰ ਧੁੰਦਲਾ ਕਰਦੇ ਹੋਏ ਸਮਝਾਉਂਦੇ ਹਨ ਕਿ ਅਸੀਂ ''ਕੁਝ ਨਹੀਂ'' ਹਾਂ। ਇਹ ਅਣਚਾਹੀਆਂ ਘਟਨਾਵਾਂ ਸਾਡੇ ਨਾਲ ਉਸ ਮਨੋਵਿਗਿਆਨੀ ਵਾਂਗ ਬੁਰਾ ਵਰਤਾਉ ਕਰਦੀਆਂ ਹਨ ਜਿਸਦੇ ਕੋਲ਼ ਆਉਣ ਵਾਲੇ ਬਦਕਿਸਮਤ ਆਦਮੀ ਨੇ ਬੇਨਤੀ ਕੀਤੀ, ''ਡਾਕਟਰ ਸਾਹਿਬ ਮੈਂ ਹੀਨ ਭਾਵਨਾ ਦਾ ਸ਼ਿਕਾਰ ਹਾਂ ਅਤੇ ਸਮਝ ਨਹੀਂ ਆਉਂਦਾ ਕਿ ਮੈਂ ਕੀ ਕਰਾਂ।'' ਕਈ ਵਾਰ ਉਸ ਰੋਗੀ ਨਾਲ ਗੱਲ ਕਰਨ ਦੇ ਬਾਅਦ ਮਨੋਵਿਗਿਆਨੀ ਉਸਨੂੰ ਦੱਸਦਾ ਹੈ, ''ਭਈ ਤੁਹਾਡੇ ਵਿਚ ਹੀਨ ਭਾਵਨਾ ਨਹੀਂ, ਤੁਸੀਂ ਹੀ ਹੀਨ ਹੋ!''

ਜਿਨ੍ਹਾਂ ਹਾਲਤਾਂ ਵਿੱਚੋਂ ਲੋਕ ਲੰਘਦੇ ਹਨ ਉਹ ਆਮ ਤੌਰ ਤੇ ਇਸ ਲਈ ਬਣਦੀਆਂ ਹਨ ਕਿਉਂਕਿ ਲੋਕਾਂ ਦੀਆਂ ਯੋਗਤਾਵਾਂ ਤੇ ਵਧੇਰੇ ਜ਼ੋਰ ਪਾਇਆ ਜਾਂਦਾ ਹੈ, ਕਿ ਲੋਕ ਕਿਸ ਤਰ੍ਹਾਂ ਦੇ ਹਨ ਕਿਵੇਂ ਦਿਖਦੇ ਹਨ, ਕਿੰਨੇ ਸਮਾਰਟ ਜਾਂ ਸੁੰਦਰ ਹਨ, ਜਾਂ ਉਨ੍ਹਾਂ ਦੇ ਕੋਲ ਕੀ ਹੈ? ਇਸ ਲਈ, ਜਦੋਂ ਸਾਡੇ ਨਾਲ ਅਜਿਹਾ ਹੁੰਦਾ ਹੈ ਤਾਂ ਇਹ ਬਹੁਤ ਵਿਨਾਸ਼ਕਾਰੀ ਹੁੰਦਾ ਹੈ, ਕਿਉਂਕਿ ਇਹਦੇ ਨਾਲ ਸਾਨੂੰ ਲੱਗਦਾ ਹੈ ਕਿ ਸਾਡੇ ਅੰਦਰ ਐਨੀ ਯੋਗਤਾ ਨਹੀਂ ਹੈ, ਅਸੀਂ ਐਨੇ ਚੰਗੇ ਨਹੀਂ ਲੱਗਦੇ, ਜਾਂ ਐਨੇ ਸਮਾਰਟ ਨਹੀਂ ਹਾਂ ਸਾਡੇ ਕੋਲ ਐਨਾ ਧਨ ਨਹੀਂ ਹੈ।

ਪਤਰਸ ਅਨੁਸਾਰ, ਮਸੀਹੀ ਲੋਕ ਖ਼ੁਦਾ ਦਾ ਚੁਣਿਆ ਹੋਇਆ ਵੰਸ਼ ਹਨ। ਉਹ ਕਹਿੰਦਾ ਹੈ ਕਿ ਇਸ ਸੱਚ ਨਹੀਂ ਹੈ, ਕਿ ਅਸੀਂ ਬਹੁਤ ਗੁਣੀ ਹਾਂ, ਚੰਗੇ ਦਿਖਦੇ ਹਾਂ ਜਾਂ ਸਭ ਤੋਂ ਹੁਸ਼ਿਆਰ ਹਾਂ, ਜਾਂ

ਸਾਡੇ ਕੋਲ ਸਭ ਤੋਂ ਵੱਧ ਦੌਲਤ ਹੈ, ਸਗੋਂ ਇਸ ਲਈ ਹੈ ਕਿਉਂਕਿ ਖ਼ੁਦਾ ਸਾਨੂੰ ਪਿਆਰ ਕਰਦਾ ਹੈ, ਅਸੀਂ ਵਿਸ਼ਵਾਸ ਨਾਲ ਖ਼ੁਦਾ ਦਾ ਹੁਕਮ ਮੰਨਿਆ ਹੈ ਅਤੇ ਉਸਦੀ ਸੰਤਾਨ ਭਾਵ ਕਲੀਸੀਆ ਬਣ ਗਏ ਹਾਂ। ਖ਼ੁਦਾ ਨਾਲ ਸਾਡੀ ਇਹ ਹਾਲਤ ਉਹਦੇ ਰਹਿਮ ਕਰਕੇ ਬਣੀ ਹੈ, ਸਾਡੀ ਦੌਲਤ ਜਾਂ ਮਨੁੱਖੀ ਗੁਣਾਂ ਦੇ ਕਾਰਣ ਨਹੀਂ। ਪਤਰਸ ਆਖਦਾ ਹੈ, ''ਤੁਸੀਂ ਤਾਂ ਅੱਗੇ ਪਰਜਾ ਹੀ ਨਾ ਸਾਓ ਪਰ ਹੁਣ ਪਰਮੇਸ਼ੁਰ ਦੀ ਪਰਜਾ ਹੋ ਗਏ ਹੋ। ਤੁਸਾਂ ਉੱਤੇ ਰਹਮ ਨਾ ਹੋਇਆ ਸੀ ਪਰ ਹੁਣ ਰਹਮ ਹੋਇਆ ਹੈ'' (1 ਪਤਰਸ 2:10)। ਪੌਲੁਸ ਨੇ ਤੀਤੁਸ ਨੂੰ ਦੱਸਿਆ ਕਿ ''ਉਸ ਨੇ ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ ਸਾਨੂੰ ਬਚਾਇਆ'' (ਤੀਤੁਸ 3:5)। ਮਸੀਹ ਵਿਚ ਸਾਡਾ ਬਪਤਿਸਮਾ ਹੋਣ ਤੇ, ਅਸੀਂ ਖ਼ੁਦਾ ਦਾ ਰਹਿਮ ਪਾਇਆ ਅਤੇ ਉਹਦੇ ਚੁਣੇ ਹੋਏ ਵੰਸ਼ ਵਿਚ ਸ਼ਾਮਿਲ ਹੋ ਗਏ।

ਇਹ ਇਕ ਜ਼ਬਰਦਸਤ ਸਚਿਆਈ ਹੈ ਕਿ ਅਸੀਂ ਅੱਜ ਖ਼ੁਦਾ ਦਾ ਇਸਰਾਏਲ ਹਾਂ ਜੋ ਕਿ ਐਨਾ ਜ਼ਬਰਦਸਤ ਹੈ ਕਿ ਇਹ ਸਾਨੂੰ ਉਮੀਦ ਅਤੇ ਭਰੋਸੇ ਦੇ ਨਾਲ ਐਨਾ ਸੁਪਰ ਚਾਰਜ ਕਰ ਦਿੰਦੀ ਹੈ ਕਿ ਡਰਾਉਣੀਆਂ ਹਾਲਤਾਂ ਅਤੇ ਦੁਸ਼ਮਣ ਤੇ ਸੰਸਾਰ ਸਾਡੇ ਕੋਲੋਂ ਖੋਹ ਨਹੀਂ ਸਕਦਾ। ਮਿਸਾਲ ਵੱਜੋਂ, ਸਾਡੇ ਮਨ ਵਿਚ ਖ਼ੁਦਾ ਕੋਲੋਂ ਦੁਆ ਵਿਚ ਭਰੋਸਾ ਅਤੇ ਪੁਖ਼ਤਗੀ ਬੈਠ ਜਾਣੀ ਚਾਹੀਦੀ ਹੈ। ਅਸੀਂ ਲੋੜ ਦੇ ਕਿਸੇ ਵੀ ਸਮੇਂ ਜਾਂ ਜਦੋਂ ਵੀ ਅਸੀਂ ਉਹਦੀ ਉਸਤਤ ਤੇ ਧੰਨਵਾਦ ਕਰਨਾ ਚਾਹੀਏ ਭਰੋਸੇ ਨਾਲ ਉਸਦੇ ਤਖ਼ਤ ਦੇ ਕੋਲ ਜਾ ਸਕਦੇ ਹਾਂ। ਇਸ ਨਾਲ ਸਾਨੂੰ ਖ਼ੁਦਾ ਦੀ ਸਮਰੱਥਾ ਵਿਚ ਜ਼ਿੰਦਗੀ ਗੁਜ਼ਾਰਨ ਦੀ ਪ੍ਰੇਰਨਾ ਮਿਲਣੀ ਚਾਹੀਦੀ ਹੈ, ਕਿਉਂਕਿ ਖ਼ੁਦਾ ਦੇ ਚੁਣੇ ਹੋਏ ਹੋਣ ਦਾ ਮਤਲੱਬ ਹੈ ਕਿ ਖ਼ੁਦਾ ਦੇ ਭੰਡਾਰ ਦੀਆਂ ਆਤਮਿਕ ਅਸੀਸਾਂ ਕਦੀ ਵੀ ਸਾਡੇ ਲਈ ਬੰਦ ਨਹੀਂ ਹੁੰਦੀਆਂ (ਅਫ਼ਸੀਆਂ 2:18)।

ਆਓ ਅਸੀਂ ਖ਼ੁਸ਼ੀ ਮਨਾਈਏ ਕਿ ਅਸੀਂ ਉਹਦਾ ਚੁਣਿਆ ਹੋਇਆ ਵੰਸ਼ ਹਾਂ।

## ਯਾਜਕਾਂ ਦੀ ਸ਼ਾਹੀ ਮੰਡਲੀ

ਦੂਜੀ ਗੱਲ ਪਤਰਸ ਨੇ ਆਖੀ ਕਿ ਕਲੀਸੀਆ ''ਯਾਜਕਾਂ ਦੀ ਸ਼ਾਹੀ ਮੰਡਲੀ'' ਹੈ (1 ਪਤਰਸ 2:9)। ਮਸੀਹੀ ਲੋਕ ਅੱਜ ਖ਼ੁਦਾ ਦੇ ਯਾਜਕ ਹਨ। ਇਕ ਦੇਹ ਦੇ ਰੂਪ ਵਿਚ ਉਹ ਯਾਜਕਾਂ ਦਾ ਰਾਜ ਹਨ।

ਪੁਰਾਣੇ ਨੇਮ ਵੇਲੇ, ਖ਼ੁਦਾ ਨੇ ਆਪਣੇ ਲੋਕਾਂ ਨੂੰ ਲੇਵੀ ਦੇ ਵੰਸ਼ ਦੇ ਯਾਜਕਾਂ ਰਾਹੀਂ ਆਪਣੇ ਤਕ ਪਹੁੰਚ ਬਖ਼ਸ਼ੀ ਸੀ। ਉਸਨੇ ਲੇਵੀ ਦੀ ਗੋਤ ਨਾਲ ਅਮਰਾਮ ਦੇ ਘਰਾਣੇ ਵਿੱਚੋਂ ਯਾਜਕਾਂ ਨੂੰ ਚੁਣਿਆ ਸੀ। ਉਹ ਉਹਦੇ ਲਈ ਲੋਕਾਂ ਦੀਆਂ ਭੇਟਾਂ ਚੜ੍ਹਾਉਂਦੇ ਸਨ ਅਤੇ ਮੂਸਾ ਦੀ ਸ਼ਰ੍ਹਾ ਵਿਚ ਦੱਸੇ ਗਏ ਤਰੀਕਿਆਂ ਅਨੁਸਾਰ ਉਹ ਉਸਦੀ ਬੰਦਗੀ ਵਿਚ ਇਸਰਾਏਲ ਦੀ ਅਗਵਾਈ ਕਰਦੇ ਸਨ।

ਖ਼ੁਦਾ ਨੇ ਲੇਵੀ ਦੀ ਗੋਤ ਨੂੰ ਆਖਿਆ, ''... ਤੇਰਾ ਹਿੱਸਾ ਅਤੇ ਤੇਰਾ ਅੰਸ਼ ਮੈਂ ਹੀ ਹਾਂ'' (ਗਿਣਤੀ 18:20)। ਉਨ੍ਹਾਂ ਦੀ ਖ਼ੁਦਾ ਕੋਲ ਪਹੁੰਚ ਅਤੇ ਉਹਦੇ ਨਾਲ ਮਜ਼ਬੂਤ ਸਬੰਧ ਸੀ।

1 ਪਤਰਸ 2:9 ਵਿਚ ਪਤਰਸ ਨੇ ਆਖਿਆ ਕਿ ਲੇਵੀਆਂ ਦੀ ਯਾਜਕਾਈ ਹੁਣ ਨਹੀਂ ਰਹੀ ਅਤੇ ਪ੍ਰਭੂ ਨੇ ਇਕ ਨਵੀਂ ਯਾਜਕਾਈ ਚੁਣ ਲਈ ਹੈ। ਛੁਟਕਾਰੇ ਦੇ ਮਸੀਹ ਦੇ ਕੰਮ ਰਾਹੀਂ, ਉਸਨੇ ਮਸੀਹੀ ਯੁੱਗ ਵਿਚ ਯਾਜਕਾਈ ਲਈ ਆਪਣੀ ਕਲੀਸੀਆ ਨੂੰ ਠਹਿਰਾਇਆ ਹੈ।

ਖ਼ੁਦਾ ਨੇ ਨਾ ਆਪਣੀ ਕਲੀਸੀਆ ਨੂੰ ਯਾਜਕਾਈ ਹੀ ਨਹੀਂ ਦਿੱਤੀ, ਬਲਕਿ ਉਸਨੇ ਇਸ ਨੂੰ ਸ਼ਾਹੀ ਯਾਜਕਾਈ ਵੀ ਆਖਿਆ ਹੈ। ਕਲੀਸੀਆ ਯਾਜਕਾਂ ਜਾਂ ਸ਼ਾਹੀ ਯਾਜਕਾਂ ਦਾ ਰਾਜ ਹੈ। ਸਤਾਏ ਜਾ ਰਹੇ ਮਸੀਹੀਆਂ ਦੇ ਨਾਂਅ ਪਤਮੁਸ ਨਾਂਅ ਦੇ ਟਾਪੂ ਤੇ ਯੂਹੰਨਾ ਨੇ ਲਿਖਿਆ ਕਿ, ''ਅਤੇ ਉਸ ਨੇ ਸਾਨੂੰ ਇਕ ਬਾਦਸ਼ਾਹੀ ਬਣਾਇਆ ਭਈ ਅਸੀਂ ਪਰਮੇਸ਼ੁਰ ਪਿਤਾ ਦੇ ਯਾਜਕ ਬਣੀਏ ...'' (ਪ੍ਰਕਾਸ਼ ਦੀ ਪੋਥੀ 1:6)। ਪਤਰਸ ਨੇ ਵੀ ਆਖਿਆ, ''ਤੁਸੀਂ ਆਪ ਵੀ ਜੀਉਂਦੇ ਪੱਥਰਾਂ ਦੀ ਨਿਆਈਂ ਹੋ ਕੇ ਆਤਮਕ ਘਰ

ਉੱਸਰਦੇ ਜਾਓ ਭਈ ਯਾਜਕਾਂ ਦੀ ਪਵਿੱਤਰ ਮੰਡਲੀ ਬਣੋ ਤਾਂ ਜੋ ਤੁਸੀਂ ਓਹ ਆਤਮਿਕ ਬਲੀਦਾਨ ਚੜ੍ਹਾਓ ਜਿਹੜੇ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਨੂੰ ਭਾਉਂਦੇ ਹਨ'' (1 ਪਤਰਸ 2:5)। ਪਵਿੱਤਰ ਆਤਮਾ ਦੀ ਮਦਦ (ਰੋਮੀਆਂ 8:27) ਅਤੇ ਯਿਸੂ ਦੀ ਸਿਫ਼ਾਰਸ਼ ਨਾਲ ਜੋ ਸਾਡਾ ਵਿਚੋਲਾ ਅਤੇ ਮਹਾਂ ਯਾਜਕ ਹੈ, ਮਸੀਹੀ ਵਿਅਕਤੀ ਦੀ ਪਹੁੰਚ ਸਿੱਧੇ ਖ਼ੁਦਾ ਤਕ ਹੋ ਸਕਦੀ ਹੈ (1 ਤਿਮੋਥਿਉਸ 2:5; ਇਬਰਾਨੀਆਂ 7:26, 27)। ਇਕ ਮਸੀਹੀ ਖ਼ੁਦਾ ਕੋਲ ਯਿਸੂ ਮਸੀਹ ਨੂੰ ਛੱਡ ਕੇ ਕਿਸੇ ਹੋਰ ਵਿਚੋਲੇ ਦੇ ਰਾਹੀਂ ਨਹੀਂ ਜਾਂਦਾ। ਉਹ ਖ਼ੁਦਾ ਸਾਹਮਣੇ ਖ਼ੁਦਾ ਦੇ ਯਾਜਕ ਦੇ ਰੂਪ ਵਿਚ ਖੜਾ ਹੋ ਸਕਦਾ ਹੈ ਤੇ ਮਨੁੱਖਾਂ ਰਾਹੀਂ ਠਹਿਰਾਏ ਹੋਏ ਯਾਜਕਾਂ, ਮਰੇ ਹੋਏ ਸੰਤਾਂ ਜਾਂ ਫ਼ਰਿਸ਼ਤਿਆਂ ਦੀ ਮਦਦ ਦੇ ਬਗ਼ੈਰ ਖ਼ੁਦਾ ਅੱਗੇ ਬੇਨਤੀ ਕਰ ਸਕਦਾ ਹੈ।

''ਯਾਜਕ'' ਸ਼ਬਦ ਦਾ ਲਾਤੀਨੀ ਭਾਸ਼ਾ ਦਾ ਅਨੁਵਾਦ ''ਪੁਲ ਬੰਨ੍ਹਣ ਵਾਲਾ'' ਹੈ। ਪੁਲ ਦਾ ਵਿਚਾਰ ਪੁਰਾਣੇ ਨੇਮ ਦੇ ਵੇਲੇ ਯਾਜਕ ਦੀ ਭੂਮਿਕਾ ਨੂੰ ਦਰਸਾਉਂਦਾ ਹੈ। ਯਾਜਕ ਖ਼ੁਦਾ ਤੇ ਮਨੁੱਖਾਂ ਦੇ ਵਿਚ ਖੁਦਾ ਦੀ ਮਰਜੀ ਲੈਕੇ ਆਉਂਦਾ ਸੀ ਤੇ ਮਨੁੱਖ ਦੀਆਂ ਬੇਨਤੀਆਂ ਨੂੰ ਖ਼ੁਦਾ ਦੇ ਸਾਹਮਣੇ ਪੇਸ਼ ਕਰਦਾ ਸੀ। ਖ਼ੁਦਾ ਯਾਜਕ ਰਾਹੀਂ ਲੋਕਾਂ ਕੋਲ ਜਾਂਦਾ ਸੀ ਅਤੇ ਲੋਕ ਯਾਜਕ ਰਾਹੀਂ ਖ਼ੁਦਾ ਦੇ ਕੋਲ ਜਾਂਦੇ ਸਨ, ਅੱਜ ਮਸੀਹੀ ਯੁੱਗ ਕਿੰਨਾ ਭਿੰਨ ਹੈ! ਮਸੀਹੀ ਬਣਨ ਅਰਥਾਤ ਮਸੀਹ ਕੋਲ ਆਉਣ ਵੇਲੇ ਆਦਮੀ ਖ਼ੁਦਾ ਦਾ ਇਕ ਯਾਜਕ ਬਣ ਜਾਂਦਾ ਹੈ।

ਖ਼ੁਦਾ ਦੇ ਯਾਜਕ ਹੋਣ ਅਤੇ ਖ਼ੁਦਾ ਦੇ ਕੰਮ ਕਰਨ ਲਈ ਪਵਿੱਤਰ ਕੀਤੇ ਜਾਣ ਦੀ, ਇਸ ਪਵਿੱਤਰ ਹਾਲਤ ਦੀ ਵਰਤੋਂ ਕਰਨ ਦੇ ਲਈ ਸਾਨੂੰ ਉਹਦੀ ਸੰਗਤ ਵਿਚ ਰਹਿਣ ਲਈ ਮਜਬੂਰ ਹੋ ਜਾਣਾ ਚਾਹੀਦਾ ਹੈ। ਖ਼ੁਦਾ ਦੇ ਯਾਜਕ ਹੋਣ ਦੇ ਕਾਰਣ, ਸਾਨੂੰ ਖ਼ੁਦਾ ਦੇ ਸਾਹਮਣੇ ਉੱਚਾ ਥਾਂ ਹਾਸਿਲ ਹੈ।

ਆਓ ਇਸ ਗੱਲ ਤੋਂ ਖ਼ੁਸ਼ ਹੋਈਏ ਕਿ ਅਸੀਂ ''ਯਾਜਕਾਂ ਦਾ ਇਕ ਸ਼ਾਹੀ ਸਮਾਜ'' ਹਾਂ।

## ਪਵਿੱਤਰ ਕੌਮ

ਤੀਜੀ ਗੱਲ ਜੋ ਪਤਰਸ ਨੇ ਆਖੀ ਕਿ ਮਸੀਹ ਦੀ ਕਲੀਸੀਆ ''ਪਵਿੱਤਰ ਕੌਮ'' ਹਨ (1 ਪਤਰਸ 2:9)। ਸੰਕੇਤਕ ਭਾਸ਼ਾ ਵਿਚ ਆਖੀਏ ਤਾਂ ਕਲੀਸੀਆ ਖ਼ੁਦਾ ਦੇ ਲੋਕ ਭਾਵ ਅਜਿਹਾ ਰਾਜ ਹਨ ਜੋ ਖ਼ਾਸ ਤੌਰ ਤੇ ਉਹਦੇ ਲਈ ਪਵਿੱਤਰ ਠਹਿਰਾਇਆ ਗਿਆ ਹੈ।

ਇਸਰਾਏਲ ਨੂੰ ਖ਼ੁਦਾ ਦੇ ਚੁਣੇ ਹੋਏ ਵੰਸ਼ ਦੇ ਰੂਪ ਵਿਚ, ਪਵਿੱਤਰ ਹੋਣ ਦੇ ਲਈ ਬੁਲਾਇਆ ਗਿਆ ਸੀ। ਮੂਸਾ ਰਾਹੀਂ ਨੇ ਖ਼ੁਦਾ ਨੇ ਆਖਿਆ ਸੀ, ''ਤੁਸੀ ਪਵਿੱਤਰ ਹੋਵੋ ਕਿਉਂ ਜੋ ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਪਵਿੱਤਰ ਹਾਂ'' (ਲੇਵੀਆਂ 19:2)। ਉਸਨੇ ਉਨ੍ਹਾਂ ਨੂੰ ਹੋਰ ਵੀ ਕਿਹਾ ਸੀ, ''ਅਤੇ ਤੁਸੀਂ ਮੇਰੇ ਲਈ ਯਾਜਕਾਂ ਦੀ ਸ਼ਾਹੀ ਅਤੇ ਪਵਿੱਤਰ ਕੌਮ ਹੋਵੋਗੇ'' (ਕੂਚ 19:6)। ਪਤਰਸ ਨੇ ਇਸਰਾਏਲ ਦੀ ਪਵਿੱਤਰ ਹੋਣ ਦੀ ਇਸ ਬੁਲਾਹਟ ਨੂੰ ਧਿਆਨ ਵਿਚ ਰੱਖਦੇ ਤੇ ਸ਼ਾਇਦ ਲੇਵੀਆਂ 19:2 ਨੂੰ ਪਰਗਟ ਕਰਦਿਆਂ ਆਪਣਾ ਖ਼ਤ ਪੜ੍ਹਨ ਵਾਲਿਆਂ ਨੂੰ ਦੱਸਿਆ, ''ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਭੀ ਤਿਵੇਂ ਹੀ ਆਪਣੀ ਸਾਰੀ ਚਾਲ ਵਿਚ ਪਵਿੱਤਰ ਬਣੋ। ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ'' (1 ਪਤਰਸ 1:15, 16)।

ਖ਼ੁਦਾ ਦੀ ਕੌਮ, ਭਾਵ ਮਸੀਹੀ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਖ਼ੁਦਾ ਵਰਗੇ ਬਣਨ। ਉਹ ਪਵਿੱਤਰ ਹੈ ਅਤੇ ਸਾਨੂੰ ਚੰਗੇ ਬੱਚਿਆਂ ਵਾਂਗ ਆਪਣੇ ਪਿਤਾ ਦੀਆਂ ਖੂਬੀਆਂ ਅਪਨਾ ਕੇ ਆਪਣੀ ਇਨਸਾਨੀਅਤ ਅਤੇ ਕੰਮਾਂ ਵਿਚ ਉਸਦੀ ਨਕਲ ਕਰਦਿਆਂ ਹੋਇਆਂ ਪਵਿੱਤਰ ਬਣਨਾ ਚਾਹੀਦਾ ਹੈ (ਅਫ਼ਸੀਆਂ 5:1, 2)।

''ਪਵਿੱਤਰ'' ਸ਼ਬਦ ਦਾ ਆਮ ਅਰਥ ''ਪਵਿੱਤਰ ਵਰਤੋਂ ਲਈ ਵੱਖ ਕਰਨਾ'' ਹੈ। ਮਸੀਹੀ

ਲੋਕਾਂ ਤੇ ਲਾਗੂ ਕਰਨ ਤੇ, ਇਸ ਸ਼ਬਦ ਤੋਂ ਭਾਵ ਹੁੰਦਾ ਹੈ, ਖ਼ੁਦਾ ਦੇ ਲੋਕਾਂ ਨੂੰ ਉਹਦੀ ਭਗਤੀ ਤੇ ਸੇਵਾ ਲਈ ਵੱਖਰੇ ਕਰਨਾ।

ਇਕ ਮਸੀਹੀ ਦੋ ਦੇਸ਼ਾਂ ਦਾ ਸ਼ਹਿਰੀ ਹੁੰਦਾ ਹੈ। ਇਕ ਉਹ ਦੇਸ਼ ਜਿਸ ਵਿਚ ਉਹ *ਰਹਿੰਦਾ* ਹੈ ਅਤੇ ਦੂਜਾ ਉਹ ਹੈ ਜਿਸ ਪ੍ਰਤੀ ਉਹ *ਸਮਰਪਿਤ* ਹੈ। ਉਹ ਧਰਤੀ ਦੇ ਨਾਗਰਿਕ ਦੇ ਰੂਪ ਵਿਚ ਇਸ ਸੰਸਾਰ ਵਿਚ ਰਹਿੰਦਾ ਹੈ, ਪਰ ਉਸਦੀ ਅਧਿਕਾਰਕ ਨਾਗਰਿਕਤਾ ਖ਼ੁਦਾ ਦੇ ਦੇਸ਼ ਵਿਚ ਹੈ, ਜੋ ਰੂਹਾਨੀ ਅਤੇ ਸੁਰਗੀ ਹੈ। ਪੌਲੁਸ ਨੇ ਲਿਖਿਆ ਹੈ, ''ਕਿਉਂਕਿ ਜੋ ਅਸੀਂ ਸੁਰਗ ਦੀ ਪਰਜਾ ਹਾਂ ਜਿੱਥੋਂ ਅਸੀਂ ਇਕ ਮੁਕਤੀ ਦਾਤੇ ਅਰਥਾਤ ਪ੍ਰਭੂ ਯਿਸੂ ਮਸੀਹ ਦੀ ਉਡੀਕ ਵੀ ਕਰਦੇ ਹਾਂ'' (ਫ਼ਿਲਿੱਪੀਆਂ 3:20)।

ਮਸੀਹੀ ਆਦਮੀ ਦੇ ਇਹ ਸੋਚਣ ਤੇ ਕਿ ਉਹ ਖ਼ੁਦਾ ਦੇ ਦੇਸ਼ ਦਾ ਨਾਗਰਿਕ ਕਿਵੇਂ ਹੈ, ਉਸਨੂੰ ਇਕ ਦਮ ਤਸੱਲੀ ਅਤੇ ਚੁਣੌਤੀ ਮਿਲਦੀ ਹੈ। ਤਸੱਲੀ ਉਸਦੇ ਖ਼ੁਦਾ ਨਾਲ ਸਬੰਧ ਦੇ ਕਾਰਣ ਅਤੇ ਚੁਣੌਤੀ ਉਸ ਸੁਰਗੀ ਬੁਲਾਹਟ ਨਾਲ ਮਿਲਦੀ ਹੈ ਕਿ ਇਸ ਸਬੰਧ ਦਾ ਅਰਥ ਕੀ ਹੈ। ਪਤਰਸ ਨੇ ਆਖਿਆ ਹੈ ਕਿ ਧਰਤੀ ਤੇ ਸਾਡੇ ਚਾਲ ਚਲਣ ਰਾਹੀਂ ਸੁਰਗ ਵਿਚ ਸਾਡੇ ਨਾਗਰਿਕ ਹੋਣ ਦੀ ਗੱਲ ਵਿਖਾਈ ਦੇਣੀ ਚਾਹੀਦੀ ਹੈ। ਮਸੀਹੀ ਆਦਮੀ ਦੇ ਜ਼ਿੰਦਗੀ ਦੇ ਹਰੇਕ ਪਹਿਲੂ ਵਿਚ ਪਵਿੱਤਰਤਾ ਹੋਣੀ ਜ਼ਰੂਰੀ ਹੈ। ਪਤਰਸ ਆਖਦਾ ਹੈ, ''... ਤੁਸੀਂ ਆਪ ਭੀ ਤਿਵੇਂ ਹੀ ਆਪਣੀ ਸਾਰੀ ਚਾਲ ਵਿਚ ਪਵਿੱਤਰ ਬਣੋ'' (1 ਪਤਰਸ 1:15)। ਅਸੀਂ ਕੀ ਕਰਦੇ ਹਾਂ, ਕੀ ਸੋਚਦੇ ਹਾਂ ਅਤੇ ਕੀ ਆਖਦੇ ਹਾਂ ਇਸ ਸਭ ਤੋਂ ਸਾਡੀ ਇਨਸਾਨੀਅਤ ਨਜ਼ਰ ਆਉਣੀ ਚਾਹੀਦੀ ਹੈ।

ਮਾਂ ਆਪਣੇ ਬੱਚੇ ਨੂੰ ਸਕੂਲ ਵਿਚ ਜਾਂ ਕਿਸੇ ਹੋਰ ਕੰਮ ਤੇ ਘੱਲਣ ਵੇਲੇ, ਜਿਸ ਵਿਚ ਉਹ ਉਸ ਤੋਂ ਥੋੜ੍ਹੀ ਦੇਰ ਲਈ ਵੱਖ ਹੁੰਦੇ ਹਨ ਹਮੇਸ਼ਾ ਆਖਦੀ ਹੈ, ''ਯਾਦ ਰੱਖੀਂ ਜੇ ਕੋਈ ਪੁੱਛੇ ਕਿ ਤੂੰ ਕੌਣ ਹੈ ਤਾਂ ਕੀ ਕਹਿਣਾ ਹੈ?'' ਉਸਨੂੰ ਉਮੀਦ ਸੀ ਕਿ ਉਸਦੀ ਗੱਲ ਕਿ ਉਹ ਕੌਣ ਹਨ ਉਨ੍ਹਾਂ ਨੂੰ ਇਸ ਗੱਲ ਅਨੁਸਾਰ ਕੰਮ ਕਰਨ ਲਈ ਪ੍ਰੇਰਣਾ ਦਏਗੀ ਕਿ ਉਨ੍ਹਾਂ ਦਾ ਵਤੀਰਾ ਉਨ੍ਹਾਂ ਦੇ ਵਿਸ਼ਵਾਸ ਨਾਲ ਮੇਲ ਖਾਂਦਾ ਹੋਵੇ। ਜੇ ਮਸੀਹੀ ਲੋਕ ਯਾਦ ਰੱਖਣ ਕਿ ਉਹ ਕੌਣ ਹਨ, ਇਹ ਕਿ ਉਹ ਖ਼ੁਦਾ ਦੇ ਪਵਿੱਤਰ ਲੋਕ ਹਨ ਤਾਂ ਉਨ੍ਹਾਂ ਨੂੰ ਬੇਦਾਗ਼ ਜ਼ਿੰਦਗੀ ਕੱਟਣੀ ਹੀ ਪਏਗੀ।

ਖ਼ੁਸ਼ੀ ਮਨਾਓ ਕਿ ਅਸੀਂ ''ਪਵਿੱਤਰ ਕੌਮ'' ਹਾਂ।

## ਖ਼ੁਦਾ ਦੀ ਨਿੱਜ ਪਰਜਾ

ਚੌਥੀ ਗੱਲ ਜੋ ਪਤਰਸ ਨੇ ਕਹੀ ਉਹ ਇਹ ਹੈ ਕਿ ਮਸੀਹੀ ਲੋਕ ਖ਼ੁਦਾ ਦੀ ''ਨਿੱਜ ਪਰਜਾ'' (1 ਪਤਰਸ 2:9) ਹਨ। NASB ਵਿਚ ''a people for God's own possession'' ਹੈ, ਜੋ ਕਿ ਯੂਨਾਨੀ ਵਾਕ ਅੰਸ਼ ਦਾ ਅਨੁਵਾਦ ਅਤੇ ਸਪੱਸ਼ਟ ਢੰਗ ਹੈ। ਇਸਦਾ ਅਰਥ ਇਹ ਹੈ ਕਿ ਮਸੀਹੀ ਲੋਕ ਖ਼ੁਦਾ ਦੀ ਨਿੱਜੀ ਜਾਇਦਾਦ ਹਨ; ਅਤੇ ਇਸ ਅਰਥ ਵਿਚ ਉਹ ਖਾਸ ਹਨ।

ਖ਼ੁਦਾ ਨੇ ਮੂਸਾ ਦੇ ਰਾਹੀਂ ਦੁਨਿਆਵੀ ਇਸਰਾਏਲ ਨੂੰ ਕਿਹਾ ਸੀ, ''ਕਿਉਂ ਜੋ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਲਈ ਪਵਿੱਤਰ ਪਰਜਾ ਹੋ ਅਤੇ ਯਹੋਵਾਹ ਤੁਹਾਡੇ ਪਰਮੇਸ਼ੁਰ ਨੇ ਤੁਹਾਨੂੰ ਚੁਣ ਲਿਆ ਕਿ ਤੁਸੀਂ ਸਾਰੀ ਜ਼ਮੀਨ ਦੇ ਉੱਪਰ ਦੇ ਸਾਰੇ ਲੋਕਾਂ ਵਿਚ ਉਸ ਦੀ ਨਿੱਜੀ ਪਰਜਾ ਹੋ'' (ਵਿਵਸਥਾਸਾਰ 7:6)। ਉਸਨੇ ਇਹ ਵੀ ਕਿਹਾ ਸੀ,

> ਉਪਰੰਤ ਯਹੋਵਾਹ ਨੇ ਅੱਜ ਆਪਣੇ ਵਚਨ ਅਨੁਸਾਰ ਤੁਹਾਨੂੰ ਆਪਣੀ ਅਨੋਖੀ ਪਰਜਾ ਕਰ ਕੇ ਮੰਨਿਆ ਹੈ ਕਿ ਤੁਸੀ ਉਸ ਦੇ ਸਾਰੇ ਹੁਕਮਾਂ ਦੀ ਪਾਲਨਾ ਕਰੋ। ਤਾਂ ਜੋ ਉਹ ਤੁਹਾਨੂੰ ਸਾਰੀਆਂ ਕੌਮਾਂ ਨਾਲੋਂ ਜਿਨ੍ਹਾਂ ਨੂੰ ਉਸ ਨੇ ਬਣਾਇਆ ਸੀ ਉਸਤਤ ਨਾਉਂ ਅਤੇ ਪਤ ਵਿੱਚ ਉੱਚਾ ਕਰੇ

ਅਤੇ ਜਿਵੇਂ ਉਸ ਨੇ ਬਚਨ ਕੀਤਾ ਸੀ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਪਵਿੱਤਰ ਪਰਜਾ ਹੋਵੇ (ਵਿਵਸਥਾਸਾਰ 26:18, 19)।

ਪਤਰਸ ਨੇ ਇਹ ਕਹਿ ਕੇ ਕਿ ਹੁਣ ਮਸੀਹੀ ਯੁੱਗ ਵਿਚ ਕਲੀਸੀਆ ਦੇ ਖ਼ੁਦਾ ਦੀ ਨਿੱਜੀ ਜਾਇਦਾਦ ਅਤੇ ਖ਼ੁਦਾ ਦੇ ਲੋਕ ਹੋਣ ਦੀ ਇਹ ਖ਼ੂਬਸੂਰਤ ਧਾਰਣਾ ਮਸੀਹ ਦੀ ਕਲੀਸੀਆ 'ਤੇ ਲਾਗੂ ਕੀਤੀ ਹੈ। ਤੀਤੁਸ 2:14 ਵਿਚ ਪੌਲੁਸ ਨੇ ਇਹ ਕਹਿੰਦੇ ਹੋਏ ਕਿ ''ਜਿਹ ਨੇ ਆਪਣੇ ਆਪ ਨੂੰ ਸਾਡੇ ਲਈ ਦੇ ਦਿੱਤਾ ਭਈ ਸਾਰੇ ਕੁਧਰਮ ਤੋਂ ਸਾਡਾ ਨਿਸਤਾਰਾ ਕਰੇ ਅਤੇ ਖਾਸ ਆਪਣੇ ਲਈ ਇਕ ਕੌਮ ਨੂੰ ਪਾਕ ਕਰੇ ਜੋ ਸ਼ੁਭ ਕਰਮਾਂ ਵਿਚ ਸਰਗਰਮ ਹੋਵੇ''ਇਸ ਵਾਕ ਅੰਸ਼ ਨੂੰ ਇਵੇਂ ਹੀ ਲਾਗੂ ਕੀਤਾ ਹੈ।

ਕੁਝ ਸਾਲ ਪਹਿਲਾਂ, ਮੈਂ ਆਪਣੇ ਪਰਿਵਾਰ ਸਮੇਤ ਇਕ ਇੰਜੀਲੀ ਸਭਾ ਲਈ ਵਾਸ਼ਿੰਗਟਨ ਡੀ. ਸੀ. ਵਿਚ ਸਾਂ। ਉਸ ਹਫ਼ਤੇ ਵਿਸ਼ਵਾਸੀ ਭਾਈ ਸਾਨੂੰ ਉਸ ਮਸ਼ਹੂਰ ਸ਼ਹਿਰ ਦੇ ਕੁਝ ਵੱਡੇ ਵੱਡੇ ਇਤਿਹਾਸਕ ਥਾਵਾਂ ਤੇ ਲੈ ਗਏ। ਉਨ੍ਹਾਂ ਵਿੱਚੋਂ ਸਭ ਤੋਂ ਚੰਗੀ ਤਰ੍ਹਾਂ ਮੈਨੂੰ ਉਹ ਥਿਏਟਰ ਯਾਦ ਹੈ ਜਿਸ ਵਿਚ ਸਾਡੇ ਹਰ ਦਿਲ ਅਜ਼ੀਜ਼ ਰਾਸ਼ਟਰਪਤੀ ਅਬਰਾਹਾਮ ਲਿੰਕਨ ਦਾ ਕਤਲ ਹੋਇਆ ਸੀ। ਉਸ ਆਦਮੀ ਦੀ ਅਹਿਮੀਅਤ ਦੇ ਕਾਰਨ ਮੈਨੂੰ ਇਸ ਥਾਂ ਨੇ ਬਹੁਤ ਪ੍ਰਭਾਵਿਤ ਕੀਤਾ ਸੀ। ਉਸ ਥਾਂ ਦੇ ਹੇਠਾਂ ਬਣੇ ਅਜਾਇਬ ਘਰ ਨੂੰ ਵੇਖ ਕੇ ਮੈਨੂੰ ਧਿਆਨ ਆਇਆ ਕਿ ਨਿਗੁਣੀਆਂ, ਬੇਕਾਰ ਚੀਜ਼ਾਂ ਨੂੰ ਕਿਸੇ ਵੀ ਮਸ਼ਹੂਰ ਆਦਮੀ ਵੱਲੋਂ ਵਰਤੇ ਜਾਂ ਮਾਲਿਕ ਹੋਣ ਕਰਕੇ ਮਹੱਤਤਾ ਵੱਧ ਜਾਂਦੀ ਹੈ। ਜੁੱਤੀ ਦਾ ਇਕ ਜੋੜਾ ਜਿਸਦੀ ਅਸਲ ਕੀਮਤ ਬਹੁਤ ਹੀ ਘੱਟ ਹੈ, ਸ਼ੀਸ਼ੇ ਦੇ ਬਕਸੇ ਵਿਚ ਰੱਖਿਆ ਗਿਆ ਹੈ। ਇਹਦੀ ਐਨੀ ਅਹਿਮੀਅਤ ਇਸ ਲਈ ਹੈ ਕਿਉਂਕਿ ਇਸਨੂੰ ਲਿੰਕਨ ਨੇ ਉਸ ਦਿਨ ਪਾਇਆ ਸੀ ਜਿਸ ਦਿਨ ਉਸਦਾ ਕਤਲ ਹੋਇਆ ਸੀ। ਇਕ ਨਿਗੁਣੀ ਜਿਹੀ ਚੀਜ਼ ਦਾ ਮੁੱਲ ਕਿਸੇ ਵੱਡੇ ਆਦਮੀ ਕੋਲ ਹੋਣ ਕਰਕੇ ਵਧ ਜਾਂਦਾ ਹੈ।

ਅਸੀਂ ਮਸੀਹੀ ਲੋਕ ਆਪਣੇ ਆਪ ਵਿਚ ਦੂਜਿਆਂ ਤੋਂ ਚੰਗੇ ਨਹੀਂ ਹੋਵਾਂਗੇ, ਪਰ ਜਦ ਸਾਨੂੰ ਖ਼ੁਦਾ ਦੀ ਨਿੱਜੀ ਜਾਇਦਾਦ ਖ਼ੁਦਾ ਵੱਲੋਂ ਵਰਤੋਂ ਕੀਤੇ ਜਾਣ ਅਤੇ ਇਨ੍ਹਾਂ ਦਾ ਮਾਲਿਕ ਹੋਣ ਦੇ ਰੂਪ ਵਿਚ ਵੇਖਿਆ ਜਾਂਦਾ ਹੈ ਤਾਂ ਸਚਮੁੱਚ ਸਾਡੀ ਅਹਿਮੀਅਤ ਬਹੁਤ ਵੱਧ ਜਾਂਦੀ ਹੈ। ਇਸ ਅਹਿਸਾਸ ਨਾਲ ਕਿ ਖ਼ੁਦਾ ਨੇ ਧਰਤੀ ਦੇ ਸਭ ਲੋਕਾਂ ਵਿੱਚੋਂ ਆਪਣੀ ਨਿੱਜੀ ਸੰਪਤੀ ਬਣਾਇਆ ਹੈ, ਸਾਡੇ ਆਪਣੇ ਗੁਣ ਅਤੇ ਸਾਡੀ ਆਪਣੀ ਮਹੱਤਤਾ ਵਧ ਜਾਣੇ ਚਾਹੀਦੇ ਹਨ।

ਆਪਣੀ ਮਾਂ ਵੱਲੋਂ ਨਾਲ ਖਿਡੌਣੇ ਖ਼ਰੀਦਣ ਲਈ ਖਿਡੌਣਿਆਂ ਵਾਲੀ ਦੁਕਾਨ ਵਿਚ ਜਾਂਦਿਆਂ ਇਕ ਮੁੰਡੇ ਦੀ ਕਲਪਨਾ ਕਰੋ। ਵੇਚਣ ਲਈ ਰੱਖੇ ਖਿਡੌਣਿਆਂ ਨੂੰ ਵੇਖਦੇ ਹੋਏ ਉਹਦੀ ਨਜ਼ਰ ਇਕ ਟੁੱਟੀ ਹੋਈ ਕਿਸ਼ਤੀ ਤੇ ਪੈਂਦੀ ਹੈ ਜਿਸ ਤੇ ਇਕ ਪਰਚੀ ''ਜਿਵੇਂ ਹੈ ਉਵੇਂ ਹੀ ਵੇਚਣ ਲਈ'' ਲੱਗੀ ਹੋਈ ਹੈ। ਉਸ ਸੇਲ ਬੋਟ ਭਾਵ ਕਿਸ਼ਤੀ ਦੀ ਕੀਮਤ ਬਹੁਤ ਘੱਟ ਹੈ ਪਰ ਮੁੰਡੇ ਨੂੰ ਇਹੀ ਚੰਗੀ ਲਗਦੀ ਹੈ। ਉਹ ਇਸ ਲਈ ਥੋੜ੍ਹਾ ਜਿਹਾ ਮੁੱਲ ਦੇ ਦਿੰਦਾ ਹੈ। ਘਰ ਪਹੁੰਚਦਿਆਂ ਹੀ ਉਹ ਇਸਨੂੰ ਠੀਕ ਕਰਨ ਦੇ ਕੰਮ ਵਿਚ ਲੱਗ ਜਾਂਦਾ ਹੈ। ਥੋੜ੍ਹੀ ਜਿਹੀ ਗੂੰਦ ਲਾ ਕੇ, ਲੱਕੜੀ ਦਾ ਇਕ ਨਵਾਂ ਟੁਕੜਾ ਚਿਪਕਾ ਕੇ ਅਤੇ ਇਸਨੂੰ ਪੂਰੀ ਤਰ੍ਹਾਂ ਨਵੇਂ ਸਿਰਿਓਂ ਪੇਂਟ ਕਰਕੇ ਉਹ ਆਪਣੀ ਕਿਸ਼ਤੀ ਨੂੰ ਕਹਿ ਸਕਦਾ ਹੈ, ''ਮੈਂ ਤੈਨੂੰ ਮੁੱਲ ਲਿਆ ਹੈ। ਮੈਂ ਤੇਰੀ ਮੁਰੰਮਤ ਕੀਤੀ ਹੈ। ਹੁਣ ਤੂੰ ਪੂਰੀ ਤਰ੍ਹਾਂ ਨਾਲ ਮੇਰੀ ਹੈਂ।'' ਇਸੇ ਤਰ੍ਹਾਂ ਮਸੀਹੀ ਲੋਕ ਖ਼ੁਦਾ ਦੇ ਹਨ। ਉਸਨੇ ਸਾਨੂੰ ਆਪਣੇ ਪੁੱਤਰ ਦਾ ਲਹੂ ਦੇ ਕੇ ਮੁੱਲ ਲਿਆ ਹੈ। ਉਹਨੇ ਸਾਨੂੰ ਉਸ ਵਿਚ ਤਬਦੀਲੀ ਕਰਕੇ ਨਵੇਂ ਸਿਰਿਉਂ ਬਣਾਇਆ ਹੈ ਅਤੇ ਜਿਵੇਂ ਜਿਵੇਂ ਅਸੀਂ ਉਹਦੇ ਨਾਲ ਚੱਲਦੇ ਹਾਂ ਉਹ ਸਾਨੂੰ ਲਗਾਤਾਰ ਬਦਲਦਾ ਰਹਿੰਦਾ ਹੈ। ਹੁਣ ਉਹ ਸਾਨੂੰ ਛੁੱਡਾ ਕੇ ਕਹਿ ਸਕਦਾ ਹੈ, ''ਇਹ ਸਚਮੁੱਚ ਮੇਰੇ ਲੋਕ ਹਨ।'' ਮਸੀਹ ਵਿਚ ਤਬਦੀਲ ਹੋਣ ਵਾਲੇ ਹਰ ਆਦਮੀ ਨੂੰ ਖ਼ੁਦਾ ਦੀ ਨਿੱਜੀ ਸੰਪਤੀ ਹੋਣ ਦੀ ਉੱਚੀ ਅਤੇ ਅਜੀਬ ਥਾਂ ਤਕ ਲਿਜਾਇਆ ਜਾਂਦਾ ਹੈ।

ਖ਼ੁਸ਼ੀ ਮਨਾਈਏ ਕਿ ਅਸੀਂ ਉਸਦੀ ''ਨਿੱਜ ਪਰਜਾ ਹਾਂ।''

## ਸਾਰ

ਅੱਜ ਕਲੀਸੀਆ ਰੂਹਾਨੀ ਇਸਰਾਏਲ ਭਾਵ ਖ਼ੁਦਾ ਦੇ ਇਸਰਾਏਲ ਵਾਂਗ ਹੀ ਅੱਜ ਅਸੀਂ ਖ਼ੁਦਾ ਦੇ ਚੁਣੇ ਹੋਏ ਲੋਕ ਹਾਂ। ਪੁਰਾਣੇ ਨੇਮ ਦੇ ਵੇਲਿਆਂ ਦੇ ਵਾਂਗ ਹੀ ਅੱਜ ਸਾਡੇ ਕੋਲ ਵੀ ਯਾਜਕਾਈ ਹੈ। ਜਿਵੇਂ ਇਸਰਾਏਲ ਖ਼ੁਦਾ ਦੀ ਪਵਿੱਤਰ ਪਰਜਾ ਸੀ ਤਿਵੇਂ ਹੀ ਕਲੀਸੀਆ ਵੀ ਅੱਜ ਖ਼ੁਦਾ ਦੀ ਪਵਿੱਤਰ ਪਰਜਾ ਹੈ। ਜਿਵੇਂ ਖ਼ੁਦਾ ਨੇ ਪੁਰਾਣੇ ਸਮੇਂ ਵਿਚ ਇਸਰਾਏਲ ਨੂੰ ਆਪਣੇ ਲੋਕ ਬਣਾਉਣ ਲਈ ਸੱਦਿਆ ਗਿਆ ਸੀ। ਓਵੇਂ ਹੀ ਅੱਜ ਮਸੀਹੀ ਯੁੱਗ ਵਿਚ ਖ਼ੁਦਾ ਮਸੀਹ ਦੀ ਕਲੀਸੀਆ ਨੂੰ ਆਪਣੀ ਨਿੱਜ ਪਰਜਾ ਦੇ ਰੂਪ ਵਿਚ ਮੰਨਦਾ ਹੈ।

ਨਵੰਬਰ ਦੇ ਚੌਥੇ ਵੀਰਵਾਰ ਨੂੰ ਅਮਰੀਕੀ ਲੋਕ ਸ਼ੁਕਰਗੁਜ਼ਾਰੀ ਦਾ ਦਿਨ ਮਨਾਉਂਦੇ ਹਨ। ਅਸੀਂ ਜਾਣਦੇ ਹਾਂ ਕਿ ਨਵੇਂ ਨੇਮ ਵਿਚ ਕਿਤੇ ਵੀ ਕਿਸੇ ਖ਼ਾਸ ਦਿਨ ਨੂੰ ਥੈਂਕਸਗਿਵਿੰਗ ਡੇ ਭਾਵ ਸ਼ੁਕਰ ਗੁਜ਼ਾਰੀ ਦੇ ਦਿਨ ਦੇ ਰੂਪ ਵਿਚ ਮਨਾਉਣ ਦਾ ਹੁਕਮ ਨਹੀਂ ਹੈ, ਸਗੋਂ ਇਸ ਵਿਚ ਲਗਾਤਾਰ ਅਰਥਾਤ ਹਰ ਦਿਨ ਸ਼ੁਕਰਗਜ਼ਾਰੀ ਕਰਦੇ ਰਹਿਣ ਦੀ ਗੱਲ ਦੱਸੀ ਗਈ ਹੈ। ਨਵੇਂ ਨੇਮ ਵਿਚ ਸ਼ੁਕਰਗੁਜ਼ਾਰੀ ਕਰਨਾ ਕਿਸੇ ਚੁਣੇ ਹੋਏ ਦਿਨ ਲਈ ਨਹੀਂ ਹੈ ਕਿਉਂਕਿ ਇਹ ਤਾਂ ਸੁਭਾਓ ਵਿਚ ਹੀ ਹੋਣੀ ਚਾਹੀਦੀ ਹੈ। ਪੌਲੁਸ ਨੇ ਮਸੀਹੀ ਲੋਕਾਂ ਦੀ ਖਾਸੀਅਤ ਦੱਸਦਿਆਂ ਕਿਹਾ, ''ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਪ੍ਰਮੇਸ਼ੁਰ ਅਰਥਾਤ ਪਿਤਾ ਦਾ ਸਦਾ ਧੰਨਵਾਦ ਕਰੋ'' (ਅਫ਼ਸੀਆਂ 5:20)। ਮਸੀਹੀ ਲੋਕਾਂ ਨੂੰ ਮਿਲਣ ਵਾਲੀਆਂ ਬਰਕਤਾਂ ਦਾ ਵਿਚਾਰ ਕਰਨ ਤੇ ਅਸੀਂ ਅਸਾਨੀ ਨਾਲ ਸਮਝ ਸਕਦੇ ਹਾਂ ਕਿ ਨਵਾਂ ਨੇਮ ਸਾਨੂੰ ਹਰ ਰੋਜ਼ ਸ਼ੁਕਰਗੁਜ਼ਾਰੀ ਕਰਨ ਲਈ ਕਿਉਂ ਆਖਦਾ ਹੈ? ''ਚੁਣੇ ਹੋਏ ਲੋਕ'', ''ਪਵਿੱਤਰ ਲੋਕ,'' ''ਯਾਜਕਾਂ ਦੀ ਸ਼ਾਹੀ ਮੰਡਲੀ'', ਅਤੇ ''ਖ਼ੁਦਾ ਦੀ ਨਿੱਜ ਪਰਜਾ'' ਹੋਣ ਦੇ ਸਬੱਬ ਸਾਨੂੰ ਸਚਮੁੱਚ ਅਸੀਸ ਮਿਲੀ ਹੈ ਅਤੇ ਸਾਨੂੰ ਹਰ ਰੋਜ਼ ''ਬਰਕਤ ਗਿਨੋ, ਗਿਨੋ ਨਾਮ ਬਨਾਮ'' ਗੀਤ ਗਾਉਂਦਿਆਂ ਉਨ੍ਹਾਂ ਬਰਕਤਾਂ ਨੂੰ ਇਕ-ਇਕ ਕਰਕੇ ਗਿਣਦੇ ਰਹਿਣਾ ਚਾਹੀਦਾ ਹੈ।

ਜੇ ਤੁਸੀਂ ਮਸੀਹੀ ਨਹੀਂ ਹੋ ਤਾਂ ਤੁਸੀਂ ਖ਼ੁਦਾ ਵੱਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਸਭ ਤੋਂ ਚੰਗੀਆਂ ਤੇ ਸਭ ਤੋਂ ਵੱਡੀਆਂ ਅਸੀਸਾਂ ਨੂੰ ਗੁਆ ਰਹੇ ਹੋ ਹੁਣ ਜਦ ਕਿ ਤੁਸੀਂ ਸਮਝ ਗਏ ਹੋ ਕਿ ਖ਼ੁਦਾ ਨੇ ਕਲੀਸੀਆ ਨੂੰ ਕੀ ਅਸੀਸ ਦਿੱਤੀ ਹੈ ਤਾਂ ਕੀ ਤੁਸੀਂ ਖ਼ੁਦਾ ਨੂੰ ਇਸਦੀ ਇਜਾਜ਼ਤ ਦਿਓਗੇ ਕਿ ਉਹ ਤੁਹਾਨੂੰ ਆਪਣਾ ਹਿੱਸਾ ਬਣਾ ਲਏ?

## ਅਧਿਐਨ ਅਤੇ ਚਰਚਾ ਲਈ ਸਵਾਲ

1. ''ਸਮੇਂ ਦਾ ਪੂਰਾ ਹੋਣਾ'' ਵਾਕ ਅੰਸ਼ ਦੀ ਸੰਖੇਪ ਵਿਚ ਵਿਆਖਿਆ ਕਰੋ।
2. ਪੁਰਾਣੇ ਨੇਮ ਦੇ ਯੁੱਗ ਨੇ ਮਸੀਹ ਦੇ ਆਉਣ ਲਈ ਸੰਸਾਰ ਨੂੰ ਕਿਵੇਂ ਤਿਆਰ ਕੀਤਾ?
3. ਮਸੀਹੀ ਲੋਕਾਂ ਨੂੰ ਖ਼ੁਦਾ ਦੀ ਨਿੱਜ ਪਰਜਾ ਕਿਵੇਂ ਆਖਿਆ ਜਾ ਸਕਦਾ ਹੈ?
4. ਖ਼ੁਦਾ ਦੇ ਨਾਲ ਸਾਡੀ ਹਾਲਤ ਖ਼ੁਦਾ ਦੇ ਰਹਿਮ, ਸਾਡੇ ਵਿਸ਼ਵਾਸ਼ ਅਤੇ ਹੁਕਮ ਮੰਨਣ ਤੇ ਨਿਰਭਰ ਹੈ। ਇਸਦੀ ਤੁਲਨਾ ਉਸ ਹਾਲਤ ਨਾਲ ਕਰੋ ਜੋ ਗੁਣਾ ਤੇ ਆਧਾਰਿਤ ਹੈ।
5. ਪੁਰਾਣੇ ਨੇਮ ਦੀ ਸ਼ਰ੍ਹਾ ਵਿਚ ਕਿਹੜੇ-ਕਿਹੜੇ ਗੋਤ ਜਾਂ ਲੋਕਾਂ ਦੇ ਕਿਸ ਭਾਗ ਤੋਂ ਯਾਜਕ ਚੁਣੇ ਜਾਂਦੇ ਸਨ?
6. ਪੁਰਾਣੇ ਨੇਮ ਦੇ ਅਤੇ ਨਵੇਂ ਦੇ ਵੇਲੇ ਯਾਜਕ ਕੌਣ ਹੁੰਦੇ ਸਨ?
7. ਯਾਜਕਾਈ ਦੇ ਨਾਲ ਸਬੰਧ ਵਿਚ ''ਸ਼ਾਹੀ'' ਸ਼ਬਦ ਕੀ ਸੰਦੇਸ਼ ਦਿੰਦਾ ਹੈ?

8. ਕਲੀਸੀਆ ਕਿਸ ਮਤਲਬ ਕਾਰਨ ''ਪਵਿੱਤਰ ਲੋਕ'' ਲੋਕ ਹਨ?
9. ਬਿਆਨ ਕਰੋ ਕਿ ਇਕ ਮਸੀਹੀ ਕਿਸ ਤਰ੍ਹਾਂ ਦੋ ਲੋਕਾਂ ਦਾ ਵਸਨੀਕ ਹੈ।
10. ''ਨਿੱਜ ਪਰਜਾ'' ਪ੍ਰਗਟਾਓ ਦੀ ਪਰਿਭਾਸ਼ਾ ਲਿਖੋ।
11. ਮਸੀਹੀ ਲੋਕਾਂ ਦੇ ਖ਼ੁਦਾ ਦੇ ਖ਼ਾਸ ਲੋਕ ਹੋਣ ਦਾ ਵਿਚਾਰ ਕਰਨ ਤੇ ਤੁਹਾਡੇ ਦਿਮਾਗ ਵਿਚ ਕਿਹੜੀਆਂ ਬਰਕਤਾਂ ਆਉਂਦੀਆਂ ਹਨ?
12. ਅੱਜ ਅਸੀਂ ਰੂਹਾਨੀ ਇਸਰਾਏਲ ਵਿਚ ਕਿਵੇਂ ਸ਼ਾਮਿਲ ਹੋ ਸਕਦੇ ਹਾਂ?